ਸੁਝਾਅ ਅਤੇ ਤੱਥ

# ਤੁਹਾਡੀ ਲੰਮੀ-ਮਿਆਦ ਦੀ ਦੇਖਭਾਲ ਹੋਮ ਵਿੱਚ ਵੈਕਸੀਨ ਦੇ ਪ੍ਰਤੀ ਭਰੋਸਾ ਪੈਦਾ ਕਰਨ ਲਈ ਗੱਲਬਾਤਾਂ ਕਰਨਾ

**ਲੋਕ ਉਹਨਾਂ ਦੀ ਜ਼ਿਆਦਾ ਸੁਣਦੇ ਹਨ, ਜਿਹਨਾਂ ਤੇ ਉਹ ਭਰੋਸਾ ਕਰਦੇ ਹਨ। ਹੇਠਾਂ ਕੁਝ ਗੱਲਾਂ ਦਿੱਤੀਆਂ ਗਈਆਂ ਹਨ, ਲੋਕਾਂ ਨਾਲ ਗੱਲ ਕਰਦੇ ਸਮੇਂ ਇਹਨਾਂ ਨੂੰ ਧਿਆਨ ਵਿੱਚ ਰੱਖੋ।**

- ਝਿਝਕ ਹੋਣਾ ਆਮ ਗੱਲ ਹੈ। ਲੋਕਾਂ ਵੱਲੋਂ ਸਵਾਲ ਪੁੱਛਣਾ ਜਾਂ ਚਿੰਤਾ ਪ੍ਰਗਟ ਕਰਨਾ ਆਮ ਹੈ।
- ਜੇਕਰ ਲੋਕਾਂ ਨੂੰ ਲੱਗਦਾ ਹੈ ਕਿ ਉਹਨਾਂ ਦੀ ਗੱਲ ਸੁਣੀ ਜਾ ਰਹੀ ਹੈ ਅਤੇ ਉਸਨੂੰ ਤਵੱਜੋ ਦਿੱਤੀ ਜਾ ਰਹੀ ਹੈ, ਤਾਂ ਉਹ ਤੁਹਾਡੀ ਗੱਲ ਤੇ ਵੱਧ ਧਿਆਨ ਦੇਣਗੇ। ਉਹਨਾਂ ਦੀ ਗੱਲ ਸਨਮਾਨ ਨਾਲ ਸੁਣੋ ਅਤੇ ਜਾਣੋ ਕਿ ਜੋ ਉਹ ਕਰਦੇ ਹਨ, ਉਸ ਬਾਰੇ ਕੀ ਮੰਨਦੇ ਹਨ।
- ਤੱਥ ਸਾਂਝੇ ਕਰੋ। ਸਾਫ਼ਦਿਲੀ ਨਾਲ ਗੱਲ ਕਰੋ ਅਤੇ ਜਾਣਕਾਰੀ ਦੇ ਭਰੋਸੇਮੰਦ ਸਰੋਤਾਂ ਦੇ ਪ੍ਰਤੀ ਲੋਕਾਂ ਦਾ ਧਿਆਨ ਖਿੱਚੋ।
- ਲੋਕਾਂ ਨੂੰ ਦੱਸੋ ਕਿ ਤੁਸੀਂ ਪਰਵਾਹ ਕਰਦੇ ਹੋ: ਤੁਸੀਂ ਅਜਿਹਾ ਇਸਲਈ ਕਰ ਰਹੇ ਹੋ ਕਿਉਂਕਿ ਤੁਸੀਂ ਉਹਨਾਂ ਦੀ ਅਤੇ ਉਹਨਾਂ ਦੇ ਪਿਆਰਿਆਂ ਦੀ, ਸਿਹਤਮੰਦ ਅਤੇ ਸੁਰੱਖਿਅਤ ਰਹਿਣ ਵਿੱਚ ਮਦਦ ਕਰਨਾ ਚਾਹੁੰਦੇ ਹੋ।
- ਇਹ ਸਭ ਤੁਹਾਨੂੰ ਇਕੱਲੇ ਨਹੀਂ ਕਰਨਾ ਪਵੇਗਾ। ਟੀਕਾ ਲਗਵਾਉਣ ਵਾਲਾ ਹਰ ਵਿਅਕਤੀ, ਇੱਕ ਸੰਭਾਵੀ ਚੈਂਪੀਅਨ ਹੈ। ਉਹਨਾਂ ਨੂੰ ਆਖੋ ਕਿ ਤੁਹਾਡੇ ਨਾਲ ਜੁੜਨ, ਅਤੇ ਟੀਮ ਨਾਲ ਆਪਣੀਆਂ ਕਹਾਣੀਆਂ ਸਾਂਝੀਆਂ ਕਰਨ।

## ਹੋਰ ਜਾਣਕਾਰੀ ਲਈ

COVID-19 Vaccine Approval Process and Safety, ਓਨਟੈਰੀਓ ਮਿਨਿਸਟਰੀ ਆਫ ਹੈਲਥ

Ontario.ca/covidvaccine ਵੈਕਸੀਨ ਬਾਰੇ ਅਤੇ ਓਨਟੈਰੀਓ ਦੀ ਵੰਡ ਯੋਜਨਾ ਬਾਰੇ ਤਾਜ਼ਾ ਜਾਣਕਾਰੀ ਵਾਲੀ ਓਨਟੈਰੀਓ ਦੀ ਵੈਬਸਾਈਟ।

Vaccines for COVID-19: Authorized Vaccines, ਹੈਲਥ ਕੈਨੇਡਾ

# ਚਰਚਾ ਦੇ ਬਿੰਦੂ

## ਫਰਜੀ ਗੱਲਾਂ ਅਤੇ ਅਫਵਾਹਾਂ ਔਨਲਾਈਨ ਫੈਲਦੀਆਂ ਹਨ। ਅਧਿਐਨ ਦਰਸਾਉਂਦੇ ਹਨ ਕਿ ਜਦੋਂ ਲੋਕ ਇੱਕੋ ਜਿਹੀਆਂ ਕਹਾਨੀਆਂ ਨੂੰ ਵਾਰ-ਵਾਰ ਦੇਖਦੇ ਹਨ, ਤਾਂ ਉਹਨਾਂ ਨੂੰ ਮੰਨਣ ਦੀ ਵੱਧ ਸੰਭਾਵਨਾ ਹੁੰਦੀ ਹੈ। ਹੇਠਾਂ ਗਲਤ ਜਾਣਕਾਰੀ ਨੂੰ ਰੋਕਣ ਵਿੱਚ ਮਦਦ ਲਈ ਕੁਝ ਮਹੱਤਵਪੂਰਣ ਸੁਨੇਹੇ ਦਿੱਤੇ ਹਨ।

**ਇਹਨਾਂ ਵੈਕਸੀਨਾਂ ਨੂੰ ਜਲਦੀ ਨਾਲ ਵਿਕਸਿਤ ਕੀਤਾ ਗਿਆ ਸੀ ਕਿਉਂਕਿ:**

- ਵੈਕਸੀਨਾਂ ਦੇ ਪਿੱਛੇ ਦੀ ਟੈਕਨੋਲੋਜੀ, 1990 ਦੇ ਬਾਅਦ ਦੀ ਹੈ।
- ਇਹਨਾਂ ਨੂੰ ਪੂਰੀ ਦੁਨੀਆ ਦੇ ਪਹਿਲਾਂ ਕਦੇ ਨਾ ਦੇਖੇ ਸਹਿਯੋਗ ਅਤੇ ਫੰਡਿੰਗ ਪੱਧਰਾਂ ਨਾਲ ਸਹਿਯੋਗ ਕੀਤਾ ਗਿਆ ਹੈ।

**ਇਹ ਵੈਕਸੀਨ ਸੁਰੱਖਿਅਤ ਹਨ।** ਓਨਟੈਰੀਓ ਵਿੱਚ ਸਿਰਫ਼ ਉਹੀ ਵੈਕਸੀਨ ਲਗਾਈਆਂ ਜਾਣਗੀਆਂ, ਜੋ ਹੈਲਥ ਕੈਨੇਡਾ ਵੱਲੋਂ ਪ੍ਰਵਾਨ ਅਤੇ ਸੁਰੱਖਿਅਤ ਅਤੇ ਪ੍ਰਭਾਵੀ ਨਿਰਧਾਰਤ ਕੀਤੀਆਂ ਗਈਆਂ ਹਨ। ਹੈਲਥ ਕੈਨੇਡਾ ਕੋਲ, ਦੁਨੀਆ ਵਿੱਚ ਸਭ ਤੋਂ ਵੱਧ ਠੋਸ ਵਿਗਿਆਨਕ ਸਮੀਖਿਆ ਸਿਸਟਮਾਂ ਵਿੱਚੋਂ ਇੱਕ ਹੈ।

**ਕੋਵਿਡ-19 ਵੈਕਸੀਨ ਨਾਲ ਤੁਹਾਨੂੰ ਕੋਵਿਡ-19 ਜਾਂ ਕੋਈ ਹੋਰ ਸੰਕ੍ਰਮਣ ਵਾਲੀ ਬੀਮਾਰੀ ਨਹੀਂ ਹੁੰਦੀ।** ਹੈਲਥ ਕੈਨੇਡਾ ਵੱਲੋਂ ਪ੍ਰਵਾਨ ਕੀਤੀਆਂ ਕੋਈ ਵੀ ਵੈਕਸੀਨਾਂ ਅਜੇ ਤੱਕ ਲਾਈਵਨਹੀਂ ਹਨ, ਮਤਲਬ ਕਿ ਉਹਨਾਂ ਵਿੱਚ ਉਹ ਵਾਇਰਸ ਨਹੀਂ ਹੈ, ਜੋ ਕੋਵਿਡ-19 ਦਾ ਕਾਰਨ ਬਣਦਾ ਹੈ।

**ਦੋ ਖੁਰਾਕਾਂ 94-95% ਇਮਿਊਨਿਟੀ ਪ੍ਰਦਾਨ ਕਰਦੀਆਂ ਹਨ। ਦੋਵੇਂ ਖੁਰਾਕਾਂ ਲੈਣਾ ਮਹੱਤਵਪੂਰਣ ਹੈ।** ਪਹਿਲੀ ਖੁਰਾਕ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਸੁਰੱਖਿਆ, ਦੂਜੀ ਖੁਰਾਕ ਦੇ ਬਾਅਦ ਹਾਸਲ ਹੋਣ ਵਾਲੀ ਸੁਰੱਖਿਆ ਦੇ ਮੁਕਾਬਲੇ ਘੱਟ ਹੈ। ਵੈਕਸੀਨਾਂ, ਦੋ ਖੁਰਾਕਾਂ ਦੇ ਬਾਅਦ 94-95% ਪ੍ਰਭਾਵੀ ਹਨ।

**ਕੋਵਿਡ-19 ਵੈਕਸੀਨ ਦੇ ਸਿੱਧੇ ਨਤੀਜੇ ਵਜੋਂ ਕਿਸੇ ਦੀ ਮੌਤ ਦੀ ਖਬਰ ਨਹੀਂ ਹੈ।** ਅਸਲੀ ਵਾਇਰਸ ਤੋਂ ਦੁਨੀਆਭਰ ਵਿੱਚ ਦੋ ਮਿਲੀਅਨ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

**ਜਦੋਂ ਵੱਡੇ ਪ੍ਰਤੀਸ਼ਤ ਵਿੱਚ ਅਬਾਦੀ ਕੋਵਿਡ-19 ਤੋਂ ਇਮਿਊਨ ਹੋ ਜਾਵੇਗੀ, ਤਾਂ ਵਾਇਰਸ ਦਾ ਫੈਲਣਾ ਘੱਟ ਹੋ ਜਾਵੇਗਾ ਜਾਂ ਰੁਕ ਜਾਵੇਗਾ।** ਤੁਸੀਂ ਵੈਕਸੀਨ ਲਗਵਾ ਕੇ, ਖੁਦ ਨੂੰ, ਆਪਣੇ ਪਿਆਰਿਆਂ ਨੂੰ ਅਤੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ ਕਰ ਸਕਦੇ ਹੋ।

## ਹੋਰ ਜਾਣਕਾਰੀ ਲਈ

COVID-19 Vaccine Approval Process and Safety, ਓਨਟੈਰੀਓ ਮਿਨਿਸਟਰੀ ਆਫ ਹੈਲਥ

Ontario.ca/covidvaccine ਵੈਕਸੀਨ ਬਾਰੇ ਅਤੇ ਓਨਟੈਰੀਓ ਦੀ ਵੰਡ ਯੋਜਨਾ ਬਾਰੇ ਤਾਜ਼ਾ ਜਾਣਕਾਰੀ ਵਾਲੀ ਓਨਟੈਰੀਓ ਦੀ ਵੈਬਸਾਈਟ।

Vaccines for COVID-19: Authorized Vaccines, ਹੈਲਥ ਕੈਨੇਡਾ